BC TRANSPLANT
Provincial Health Services Authority

# ਲਮਿਯੁਡੀਨ LAMIVUDINE

- ਇਸ ਨੂੰ ਹੈਪਟੋਵੀਰ®,, ਅਪੋ-ਲਮਿਯੁਡੀਨ®, ਵੀ ਕਹਿੰਦੇ ਹਨ
- ਇਸ ਦਵਾਈ ਦੀਆਂ ਖਾਣ ਲਈ ਗੋਲੀਆਂ ਜਾਂ ਘੋਲ ਮਿਲਦਾ ਹੈ

## ਇਹ ਦਵਾਈ ਕਿਹੋ ਜਿਹੀ ਨਜ਼ਰ ਆਉਂਦੀ ਹੈ? What does the medication look like?

ਇਸ ਦਵਾਈ ਦੇ ਕਈ ਬ੍ਰੈਂਡ ਹਨ ਤੁਹਾਡੀ ਦਵਾਈ ਸ਼ਾਇਦ ਬਿਲਕੁਲ ਹੇਠਾਂ ਦਿਖਾਏ ਚਿੱਤਰ ਵਾਂਗ ਦਿਖਾਈ ਨਾ ਦੇਵੇ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ ਤਾਂ ਆਪਣੇ ਟ੍ਰਾਂਸਪਲਾਂਟ ਵਾਲੇ ਫਾਰਮਾਸਿਸਟ ਨੂੰ ਪੁੱਛੋ।

**ਲਮਿਯੁਡੀਨ 100 ਮਿ.ਗ੍ਰਾਮ ਦੀ ਗੋਲੀ** 


## ਇਹ ਦਵਾਈ ਕਿਸ ਲਈ ਹੈ? What is this medication for?

ਲਮਿਯੁਡੀਨ ਖ਼ੂਨ ਵਿਚੋਂ ਹੈਪੇਟਾਈਟਿਸ ਬੀ. ਵਾਇਰਸ ਨੂੰ ਘਟ ਕਰਦੀ ਹੈ ਅਤੇ ਜਿਗਰ ਦੇ ਕੰਮ ਕਰਨ ਵਿਚ ਸੁਧਾਰ ਅਤੇ ਜਿਗਰ ਦੇ ਹੋਰ ਨੁਕਸਾਨ ਨੂੰ ਰੋਕਣ ਵਿਚ ਮਦਦ ਕਰਦੀ ਹੈ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

| | |
|---|---|
| ਇਹ ਦਵਾਈ ਦਿਨ ਵਿਚ **ਇੱਕ ਵਾਰ** ਲਵੋ (ਮਿਸਾਲ ਲਈ ਰੋਜ਼ 9 ਵਜੇ ਸੁਭਾ) | ਤੁਹਾਡੀ ਦਵਾਈ ਦਾ ਟਾਈਮ: ______________________ |

- ਇਹ ਦਵਾਈ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਿਨਾਂ ਲਈ ਜਾ ਸਕਦੀ ਹੈ।
- ਇਸ ਨੂੰ ਦਿਨ ਦੇ ਕਿਸੇ ਸਮੇਂ ਵੀ ਲਿਆ ਜਾ ਸਕਦਾ ਹੈ ਅਤੇ ਹੋਰ ਦਵਾਈਆਂ ਵਾਂਗ ਨਿਸ਼ਚਿਤ ਸਮੇਂ ਤੇ ਹੀ ਲੈਣੀ ਚਾਹੀਦੀ ਹੈ। ਸਰੀਰ ਵਿਚ ਦਵਾਈ ਦਾ ਸਤਰ ਇਕਸਾਰ ਰੱਖਣ ਲਈ ਇਸ ਨੂੰ ਹਰ ਰੋਜ਼ ਨਿਸ਼ਚਿਤ ਸਮੇਂ ਤੇ ਹੀ ਲਵੋ।

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆਵੇ ਲੈ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਨਿਸ਼ਚਿਤ ਸਮੇਂ ਤੇ ਲੈ ਲਵੋ। ਪਰ ਜੇ ਸਮਾਂ 12 ਘੰਟਿਆਂ ਤੋਂ ਜ਼ਿਆਦਾ ਹੋ ਗਿਆ ਹੈ ਤਾਂ ਇਹ ਖ਼ੁਰਾਕ ਰਹਿਣ ਦਿਓ ਅਤੇ ਅਗਲੀ ਖ਼ੁਰਾਕ ਹੀ ਟਾਈਮ ਸਿਰ ਲਵੋ। ਕਦੀ ਵੀ ਦੁਗਣੀ ਖ਼ੁਰਾਕ ਜਾਂ ਇੱਕ ਫਾਲਤੂ ਖ਼ੁਰਾਕ ਨਾ ਲਵੋ।

ਜੇ ਦਵਾਈ ਲੈਣ ਦੇ 30 ਮਿੰਟਾਂ ਅੰਦਰ **ਉਲਟੀ ਕਰ ਦਿਓ** ਜਾਂ ਜੇ ਤੁਸੀਂ ਕੁੱਝ ਦਵਾਈ ਉਲਟੀ ਨਾਲ ਬਾਹਰ ਆਉਂਦੀ ਵੇਖੋ ਤਾਂ ਖ਼ੁਰਾਕ ਦੁਬਾਰਾ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਸਮੇਂ ਸਿਰ ਲਵੋ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| ***ਬੁਰੇ ਪ੍ਰਭਾਵ Side Effect*** | **ਇਲਾਜ Management** |
|---|---|
| *ਦਸਤ, ਦਿਲ ਕੱਚਾ ਹੋਣਾ, ਉਲਟੀਆਂ, ਸਿਰ ਦਰਦ, ਥਕਾਵਟ* | ਦਵਾਈ ਖਾਣੇ ਜਾਂ ਦੁੱਧ ਨਾਲ ਲਵੋ। ਜੇ ਲੱਛਣ ਜਾਰੀ ਰਹਿਣ ਤਾਂ ਆਪਣੇ ਡਾਕਟਰ ਜਾਂ ਟ੍ਰਾਂਸਪਲਾਂਟ ਟੀਮ ਨੂੰ ਦਸੋ। |
| *ਹੱਥਾਂ, ਪੈਰਾਂ ਵਿਚ ਜਲਣ/ ਝਰਨਾਹਟ* | ਜੇ ਇਹ ਲੱਛਣ ਆਪਣੇ ਆਪ ਠੀਕ ਨਹੀਂ ਹੁੰਦੇ ਜਾਂ ਹੋਰ ਖ਼ਰਾਬ ਹੋ ਜਾਂਦੇ ਹਨ ਤਾਂ ਆਪਣੇ ਡਾਕਟਰ ਨੂੰ ਦਸੋ। |
| *ਕੰਨਾਂ, ਨੱਕ ਜਾਂ ਗਲੇ ਵਿਚ ਇਨਫ਼ੈਕਸ਼ਨ* | ਬੁਖ਼ਾਰ, ਕੰਨਾਂ ਵਿਚ ਦਰਦ, ਜਬਾੜੇ ਵਿਚ ਦਰਦ, ਖਾਣਾ ਖਾਂਦੇ ਸਮੇਂ ਦਰਦ, ਨੱਕ ਵਿਚੋਂ ਨਿਕਲਿਆ ਤਰਲ ਸਾਫ਼ ਨਹੀਂ। ਜੇ ਇਹ ਲੱਛਣ ਜਾਰੀ ਰਹਿਣ ਤਾਂ ਆਪਣੇ ਡਾਕਟਰ ਨੂੰ ਦਸੋ। |
| *ਜਿਗਰ ਦਾ ਅਸਾਧਾਰਨ ਫ਼ੰਕਸ਼ਨ* | ਆਪਣੇ ਡਾਕਟਰ ਨੂੰ ਦਸੋ ਜੇ ਤੁਹਾਨੂੰ ਇਹ ਲੱਛਣ ਮਹਿਸੂਸ ਹੋਣ:<br>• ਪੇਟ ਵਿਚ ਸਖ਼ਤ ਦਰਦ ਨਾਲ ਦਿਲ ਕੱਚਾ ਹੋਣਾ ਜਾਂ ਉਲਟੀਆਂ ਆਉਣੀਆਂ<br>• ਚਮੜੀ ਜਾਂ ਅੱਖਾਂ ਦਾ ਰੰਗ ਪੀਲਾ ਹੋਣਾ, ਪੇਟ ਦਰਦ, ਗੂੜ੍ਹੇ ਰੰਗ ਦਾ_ਪਸ਼ਾਬ ਜਾਂ ਪੀਲੀ ਟੱਟੀ<br>• ਸਰੀਰ ਵਿਚ ਅਸਪਸ਼ਟ ਤਬਦੀਲੀਆਂ (ਕਮਰ ਅਤੇ/ਜਾਂ ਚਿਹਰੇ ਦੁਆਲੇ ਭਾਰ ਵਧਣਾ)<br>• ਹੱਥਾਂ ਜਾਂ ਪੈਰਾਂ ਵਿਚ ਦਰਦ, ਝਰਨਾਹਟ ਜਾਂ ਸੁੰਨ ਮਹਿਸੂਸ ਕਰਨਾ |